# ਇੱਕ ਗਰੀਬ ਔਰਤ ਨੇ ਸਭ ਕੁਝ ਪਰਮੇਸ਼ਵਰ ਨੂੰ ਦੇ ਦਿੱਤਾ ਜੋ ਕੁਝ ਵੀ ਉਹਦੇ ਕੋਲ ਸੀ।

**ਪ੍ਰਾਥਨਾ** ''ਪਿਤਾ ਕਿਰਪਾ ਕਰਕੇ ਇਸ ਪੜਾਈ ਨੂੰ ਇਸਤਮਾਲ ਕਰੋ ਜਿਸ ਨਾਲ ਬੱਚਿਆਂ ਨੂੰ ਹੌਸਲਾਂ ਮਿਲ ਸਕੇ ਕਿ ਦੂਜਿਆ ਨੂੰ ਖੁਸ਼ੀ ਖੁਸ਼ੀ ਦੇਵਾਂ।



**ਹੇਠ ਲਿੱਖੀਆ ਕੰਮ ਕਰਨ ਵਾਲੀਆਂ ਗੱਲਾਂ ਵਿੱਚ ਕੋਈ ਵੀ ਇੱਕ ਬੱਚਿਆਂ ਲਈ ਚੁਣ ਲਉ:**

**ਲੂਕਾ** 21:1-4 ਤੱਕ ਪੜੋ ਅਤੇ ਇੱਕ ਗਰੀਬ ਵਿਧਵਾ ਦੀ ਕਹਾਣੀ ਇੱਕ ਦੂਜੇ ਨੂੰ ਦੱਸੋ।

**ਇਹ ਕਹਾਣੀ ਨੂੰ ਸੁਨਾਉਣ** ਤੋ ਪਹਿਲਾਂ ਬੱਚਿਆਂ ਨੂੰ ਕਹੋ ਕਿ ਉਹ ਇਹ ਕਹਾਣੀ ਧਿਆਨ ਨਾਲ ਸੁਣਨ। ਉਸ ਤਰਾ ਦੇਣਾ, ਜਿਵੇ ਪਰਮੇਸ਼ਵਰ ਨੂੰ ਪਸੰਦ ਹੋਵੇ, ਖੋਜ ਕਰੋ। ਕਹਾਣੀ ਸੁਣਾਉਣ ਦੇ ਬਾਦ ਪੁੱਛੋ:

- ਭੇਟ ਵਿੱਚ ਗਰੀਬ ਵਿਧਵਾ ਨੇ ਦਾਨ ਵਿੱਚ ਕੀ ਦਿੱਤਾ ਸੀ?
- ਆਪਣਾ ਜੀਵਨ ਗੁਜਾਰਨ ਵਾਸਤੇ ਵਿਧਵਾ ਨੇ ਕਿੰਨਾ ਦਿੱਤਾ?
- ਵਿਧਵਾ ਦੀ ਭੇਟ ਬਾਰੇ ਮਸ਼ੀਹ ਯੀਸ਼ੂ ਨੇ ਕੀ ਕਿਹਾ?
- ਕੀ ਅਮੀਰ ਆਦਮੀ ਬਹੁਤ ਜਿਆਦਾ ਬਲਿਦਾਨਾ ਦੀ ਭੇਟ, ਪਰਮੇਸ਼ਵਰ ਨੂੰ ਦਿੰਦੇ ਹਨ?
- ਪਰਮੇਸ਼ਵਰ ਦੀ ਨਜਰ ਵਿੱਚ ਸਭ ਤੋ ਜਿਆਦਾ ਕਿਹਨੇ ਦਿੱਤਾ, ਗਰੀਬ ਵਿਧਵਾ ਨੇ ਜਾ ਅਮੀਰ ਲੋਕਾਂ ਨੇ?

ਰੌਮੀ ਸਰਕਾਰ ਦੇ ਦੋ ਸਿੱਕਿਆ ਦੀ ਤਸਵੀਰ ਬਣਾਉ। ਜਾ ਇੱਕ ਸਦੂੰਕ ਜਿਹਦੇ ਵਿੱਚ ਸਿੱਕੇ ਹੋਣ, ਵਿਧਵਾ ਜਾ, ਅਮੀਰ ਲੋਕ। ਵੱਡੇ ਬੱਚੇ, ਛੋਟੇ ਬੱਚਿਆ ਨੂੰ ਇਹ ਬਣਾਉਣ ਵਾਸਤੇ ਮਦਦ ਕਰੋ।



- ਸਮਝਾਉ ਕਿ ਤਸਵੀਰ ਦੱਸਦੀ ਹੈ ਕਿ ਸਾਨੂੰ ਕਿਸ ਤਰ੍ਹਾਂ ਪਰਮੇਸ਼ਵਰ ਨੂੰ ਦੇਣਾ ਚਾਹੀਦਾ ਹੈ?
- ਬੱਚੇ ਇਸ ਤਸਵੀਰ ਦੀ ਨਕਲ ਕਰਨ ਜਾ ਆਪਣਾ ਬਣਾਉਣ।

- ਸਮਝਾਉ ਕਿ ਸਾਨੂੰ ਦਿੱਲ ਨਾਲ, ਦਿੱਲ ਖੋਲ ਕੇ, ਆਪਣੇ ਆਪ ਖੁਸ਼ੀ-ਖੁਸ਼ੀ ਦੇਣਾ ਚਾਹੀਦਾ ਹੈ, ਜਿਸ ਤਰ੍ਹਾਂ ਉਸ ਵਿਧਵਾ ਔਰਤ ਨੇ ਦਿੱਤਾ, ਇਸ ਕਰਕੇ ਨਹੀ ਕਿ ਸਾਨੂੰ ਕੋਈ ਜਬਰਦਸਤੀ ਦੇਣ ਲਈ ਮਜਬੂਰ ਕਰੇ।
- ਅਗਲੀ ਅਰਾਧਨਾ ਦੇ ਸਮੇ ਵਿੱਚ ਬੱਚਿਆਂ ਦੁਆਰਾ ਬਣਾਈ ਗਈ ਤਸਵੀਰ ਬਾਰੇ ਵੱਡਿਆ ਨੂੰ ਵੀ ਸਮਝਾਉ।

ਪੜੋ ਜਾਂ ਕਹਾਣੀ ਸੁਣਾਉ ਨਿਆਇਆ 19:14-21 ਵਿੱਚੋ, ਜਿਥੇ ਇੱਕ ਬੁੱਢਾ ਮਨੁੱਖ ਹੈ, ਜਿਹੜਾ ਗਿਬਾ ਦਾ ਰਹਿਣ ਵਾਲਾ ਸੀ ਉਹ ਦਿੱਲ ਖੋਲ ਕੇ ਕਿਵੇ ਦਿੰਦਾ ਹੋਇਆ ਦੱਸਿਆ ਗਿਆ ਹੈ

ਦਿੱਲ ਖੋਲ ਕੇ ਦੇਣ ਵਾਲੇ ਮਨੁੱਖ ਦੀ ਜਿਹੜਾ ਗਿਬਾ ਵਿੱਚ ਰਹਿੰਦਾ ਸੀ, ਕਹਾਣੀ ਸੁਣਾਓ ਜਿਹੜੀ ਕਿ ਨਿਆਇਆ 19:14-21 ਵਿੱਚ ਦਿੱਤੀ ਗਈ ਹੈ, ਨਾਟਕ ਕਰੋ।

- ਵੱਡੇ ਬੱਚੇ ਹੇਠ ਦਿੱਤੇ ਰਾਏ ਨਾਟਕ ਕਰਨ ਵਾਲੇ ਲੋਕ:-

  **ਦੱਸਣ ਵਾਲਾ:** ਕਹਾਣੀ ਨੂੰ ਪੜ੍ਹ ਕੇ ਦੂਸਰੇ ਬੱਚਿਆ ਨੂੰ ਯਾਦ ਕਰਾਉਣ ਵਿੱਚ ਸਹਾਇਤਾ ਕਰੇ।

  **ਲੇਵੀ: ਬੁੱਢਾ ਆਦਮੀ**

  **ਜਵਾਨ ਬੱਚੇ ਇਹ ਪਾਤਰ ਬਣਨ**

  **ਨੋਕਰ**

  **ਨੋਕਰਾਣੀ**

  **ਖੋਤੇ-**

  **ਗਿਬਾਵਾਸੀ**

**ਖੋਤਾ-** ਦੋਹਾਂ ਹੱਥਾਂ ਨੂੰ ਥੱਲੇ ਟਿਕਾ ਕੇ ਅਤੇ ਪੈਰਾ ਨੂੰ ਗੋਡਿਆ ਤੇ ਹੱਥ ਰੱਖ ਕੇ ਖੋਤਿਆਂ ਵਾਂਗ ਚੱਲੋ, ਗਿਬਾ ਦਾ ਵਾਸੀ। ਦੱਸਣ ਵਾਲਾ, ''ਇਹ ਇੱਕ ਲੇਵੀ ਆਦਮੀ, ਯੇਰੂਸ਼ਲਮ ਦੀ ਕਹਾਣੀ ਹੈ ਜਿਹੜਾ ਕਿ ਯੇਰੂਸਲਮ ਵਿੱਚੋਂ ਹੋ ਕੇ ਜਾ ਰਿਹਾ ਸੀ, ਉਸ ਦਾ ਨੌਕਰ ਅਤੇ ਨੌਕਰਾਣੀ ਉਹਦੇ ਨਾਲ ਸਨ (ਪੜ੍ਹੋ ਨਿਆਈਆ 19:14-21)

**ਨੋਕਰ** ''ਮਾਲਕੋ ਸੂਰਜ ਤਾ ਢੱਲ ਗਿਆ ਹੈ, ਇਸ ਕਰਕੇ ਅਸੀ ਹੁਣ ਅੱਗੇ ਨਹੀ ਜਾ ਸਕਦੇ।''

**ਨੋਕਰਾਣੀ** ਆਉ ਅਸੀ ਇਸ ਸ਼ਹਿਰ ਵਿੱਚ ਜਾਦੇ ਹਾਂ ਅਤੇ ਸੌਣ ਵਾਸਤੇ ਜਗਾ ਲੱਭਦੇ ਹਾਂ।'' (ਉਹ ਇੱਕ ਪਾਸੇ ਵਿੱਚ ਜਾ ਕੇ ਦਰਵਾਜਾ ਖੜਕਾਉਣ ਦਾ ਨਾਟਕ ਕਰਦੇ ਹਨ)

**ਗਿਬਾਵਾਸੀ** ''ਤੁਸੀ ਕੀ ਚਾਹੁੰਦੇ ਹੋ?''

**ਲੇਵੀ** ''ਕਿਰਪਾ ਕਰਕੇ ਸਾਨੂੰ ਅੱਜ ਰਾਤ, ਰਹਿਣ ਦੀ ਜਗ੍ਹਾ ਦੇ ਦਿਉ। ਅਸੀਂ ਬੜੀ ਲੰਬੀ ਯਾਤਰਾ ਕਰਕੇ ਆ ਰਹੇ ਹਾਂ ਅਤੇ ਸਿਰਫ ਅੱਜ ਦੀ ਰਾਤ ਇੱਥੇ ਗੁਜਾਰਣ ਦੀ ਜਗਹ ਚਾਹੁੰਦੇ ਹਾਂ। ਅਸੀ ਇਸਦੀ ਕੀਮਤ ਵੀ ਚੁਕਾ ਦੇਵਾਗੇ।''

**ਗਿਬਾਵਾਸੀ** ''ਮੈ ਆਪਣੇ ਘਰ ਵਿੱਚ ਯਾਤਰੀਆਂ ਨੂੰ ਨਹੀ ਰੱਖਦਾ। ਜਾਉ ਜਾ ਕੇ ਚੌਕ ਵਿੱਚ ਆਪਣੀ ਰਾਤ ਕੱਟ ਲਉ।''

**ਕਹਾਣੀ ਬਾਰੇ ਦੱਸਣ ਵਾਲਾ:-** ''ਉਨ੍ਹਾਂ ਨੇ ਬੁਹਤਿਆਂ ਦੇ ਘਰਾ ਵਿੱਚ ਜਾ ਕੇ ਪੁੱਛਿਆ, ਪਰ ਕਿਸੇ ਨੇ ਵੀ ਉਨ੍ਹਾਂ ਨੂੰ ਨਾ ਰੱਖਿਆ।

ਲੇਵੀ ''ਆਉ! ਅੱਜ ਰਾਤ ਅਸੀ ਇਸ ਖੁੱਲੇ ਚੌਕ ਵਿੱਚ ਹੀ ਕੱਟ ਲਈਏ।

**ਰਖਵਾਲੀ ਕਰਦੇ ਰਹੋ।** ਇਥੇ ਖਤਰਾ ਹੈ। (ਉਹ ਸਾਰੇ ਕੁਝ ਦੂਰ ਜਾ ਕੇ ਬੈਠ ਜਾਦੇ ਹਨ)।

**ਬੁੱਢਾ ਆਦਮੀ** ''ਤੁਹਾਨੂੰ ਸ਼ਾਤੀ ਮਿਲੇ। ਤੁਸੀ ਸਾਰੇ ਕਿਥੇ ਜਾ ਰਹੇ ਹੋ? ਇਥੇ ਤਾ ਬੜਾ ਖਤਰਾ ਹੈ''।

**ਲੇਵੀ** ''ਅਸੀ ਇਪੈਰੈਸ ਨੂੰ ਜਾ ਹਰੇ ਹਾਂ। ਸਾਨੂੰ ਕਿਸੇ ਨੇ ਵੀ ਆਪਣੇ ਘਰ ਵਿੱਚ ਥਾਂ ਨਹੀ ਦਿੱਤੀ। ਸਾਡੇ ਖੋਤਿਆਂ ਲਈ ਕਾਫੀ ਖਾਣਾ ਹੈ ਅਤੇ ਸਾਡੇ ਆਪਣੇ ਲਈ ਰੋਟੀ ਅਤੇ ਸ਼ਹਿਦ ਵੀ ਹੈ।

**ਬੁੱਢਾ ਆਦਮੀ:** ''ਆ ਜਾਉ ਮੈ ਤੁਹਾਡੀਆਂ ਜਰੂਰਤਾਂ ਨੂੰ ਪੂਰੀਆ ਕਰਾਂਗਾ। ਇਸ ਖੁੱਲੇ ਚੌਕ ਵਿੱਚ ਰਾਤ ਨਾ ਕੱਟੋ। ਮੇਰੇ ਨਾਲ ਮੇਰੇ ਘਰ ਚੱਲੋ। ਮੈ ਇਨ੍ਹਾਂ ਖੋਤੀਆਂ ਨੂੰ ਵਿੱਚ ਰਾਤ ਲਈ ਚਾਰਾ ਦੇ ਦੇਵਾਗਾ।''

**ਖੋਤੇ-** ਖੋਤੇ ਅਵਾਜਾ ਕੱਢਦੇ ਹਨ। (ਉਹ ਸਾਰੇ ਉਹਦੇ ਨਾਲ, ਉਹਦੇ ਘਰ ਚਲੇ ਜਾਦੇ ਹਨ)

**ਕਹਾਣੀ ਦੇ ਬਾਰੇ ਵਿੱਚ ਦੱਸਣ ਵਾਲਾ-** ਬੁੱਢੇ ਆਦਮੀ ਨੇ ਖੋਤਿਆ ਨੂੰ ਖਾਣਾ ਖਵਾ ਕੇ ਯਾਤਰੀਆਂ ਦੇ ਪੈਰ ਧੋਤੇ। ਅਤੇ ਉਨ੍ਹਾਂ ਨੂੰ ਖਾਣ ਵਾਸਤੇ ਰੋਟੀ ਅਤੇ ਪੀਣ ਲਈ ਸ਼ਹਿਦ ਦਿੱਤਾ।''

ਜਿਸ ਨੇ ਵੀ ਇਸ ਨਾਟਕ ਨੂੰ ਕਰਨ ਦੀ ਸਾਡੀ ਮੱਦਦ ਕੀਤੀ, ਉਹਦਾ ਧੰਨਵਾਦ। ਅਤੇ ਵੱਡੇ ਸੁਣਨ ਵਾਲਿਆਂ ਦਾ ਵੀ ਧੰਨਵਾਦ।

**ਕਲੀਸੀਆ** ਦੇ ਅਗੁਵੇ ਨਾਲ ਮਿਲਕੇ ਕੋਈ ਇਹੋ ਜਿਹਾ ਪ੍ਰੋਗ੍ਰਾਮ ਬਣਾਉ ਕਿ ਉਹ ਬੱਚੇ ਵੀ ਅਰਾਧਨਾ ਵਿੱਚ ਭਾਗ ਲੈ ਸਕਣ।

- ਬੱਚੇ ਵੱਡਿਆਂ ਲਈ ਬੁੱਢੇ ਆਦਮੀ ਵਾਲਾ ਨਾਟਕ ਕਰਨ।
- ਬੱਚੇ, ਵੱਡਿਆਂ ਕੋਲੋਂ ਪੁੱਛਣ ਕੀ ਉਸ ਬੁੱਢੇ ਆਦਮੀ ਦਾ ਸਾਡੇ ਜੀਵਨ ਵਿੱਚ ਕੀ ਉਦਾਹਰਣ ਹੈ। ਜਿਹੜਾ ਕਿ ਅਸੀ ਨਾਟਕ ਵਿੱਚ ਵੇਖਿਆ।
- ਬੱਚਿਆਂ ਵਿੱਚ ਕੋਈ ਇੱਕ ਉਸ ਗਰੀਬ ਵਿਧਵਾ ਦੀ ਕਹਾਣੀ ਸੁਣਾਏ ਅਤੇ ਸਫੇ ਤੇ ਦਿੱਤੇ ਗਏ ਪ੍ਰਸ਼ਨ ਪੁੱਛੇ।

**ਕਵਿਤਾ ਪਾਠ-** ਬੱਚੇ ਜਬੂਰਾਂ ਦੀ ਪੋਥੀ 50:1-9, 10,12 ਅਤੇ ਜਬੂਰ 23 ਵਿੱਚ ਕੁਝ ਆਇਤਾਂ ਬਾਰੇ ਦੱਸਣ।

ਬੱਚਿਆਂ ਨੂੰ ਪੁੱਛੋ ਕਿ ਨਾਟਕ ਵਿੱਚ ਅਸੀ ਦੇਣ ਦੇ ਉਦਾਹਰਣ ਬਾਰੇ ਕਿ ਵੇਖਿਆ। ਬੱਚੇ ਉੱਤਰ ਦੇਣ ਕਿ (ਉੱਤਰ ਬੁੱਢੇ ਆਦਮੀ ਨੇ ਬੜਾ ਦਿੱਲ ਖੋਲ ਕੇ ਦਿੱਤਾ। *(ਹਾਲੇ ਕਿ ਉਹ ਉਨ੍ਹਾਂ ਬਾਰੇ ਕੁਝ ਜਾਣਦਾ ਵੀ ਨਹੀਂ ਸੀ)*

ਵੱਡੇ ਬੱਚੇ ਕਵਿਤਾ, ਗੀਤ, ਛੋਟੀਆਂ ਕਹਾਣੀਆਂ ਲਿਖਣ ਜਿਸਦੇ ਵਿੱਚ ਦੇਣ ਬਾਰੇ ਦੱਸਿਆ ਗਿਆ ਹੋਵੇ।

ਯਾਦ ਕਰੋ: ਲੁੱਕਾ 6:38

**ਪ੍ਰਾਥਨਾ:** ਪਰਮੇਸ਼ਵਰ! ਤੁਸੀ ਇਸ ਸੰਸਾਰ ਨੂੰ ਅਪਣਾਇਆ, ਅਤੇ ਸਾਨੂੰ ਬਹੁਤ ਕੁਝ ਦਿੱਤਾ। ਅਸੀਂ ਤੁਹਾਡੇ ਬੜੇ ਹੀ ਧੰਨਵਾਦੀ ਹਾਂ। ਅਸੀ ਵੀ ਗਰੀਬ ਵਿਧਵਾ ਵਾਂਗ, ਤੁਹਾਨੂੰ ਧੰਨਵਾਦ ਦੇਣਾ ਚਾਹੁੰਦੇ ਹਾਂ। ਸਾਡੀ ਸਹਾਇਤਾ ਕਰੋ। ਕਿ ਅਸੀ ਆਪਣੇ ਪੂਰੇ ਦਿੱਲ ਨੂੰ ਖੋਲ ਦੇ ਦਾਨ ਕਰੀਏ।''

Copyright 2004 © by Paul-Timothy. May be freely copied. Download from www.Paul-Timothy.net